ਮੰਗਤ ਰਾਏ ਭਾਰਦਵਾਜ

# ਬੀਜਕ : ਸੁੱਚੀ ਕਵਿਤਾ

*ਫੈਲ਼ਸੂਫੀਆਂ* (1991), *ਜੜ੍ਹਾਂ* (1995), *ਨਿਸ਼ਾਨੀ* (1997) ਅਤੇ *ਬੀਜਕ* (1997) ਦੇ ਪ੍ਰਕਾਸ਼ਨ ਨਾਲ਼ ਅਮਰਜੀਤ ਚੰਦਨ ਨੇ ਪੰਜਾਬੀ ਕਵੀ ਅਤੇ ਵਾਰਤਕਕਾਰ ਵਜੋਂ ਅਪਣੀ ਨਵੇਕਲ਼ੀ ਪਛਾਣ ਬਣਾ ਲਈ ਹੈ। ਪਰ ਇਹ ਕੰਮ ਰਾਤੋ-ਰਾਤ ਜਾਂ ਪਿਛਲੇ ਪੰਜ-ਛੇ ਸਾਲਾਂ ਵਿਚ ਹੀ ਨਹੀਂ ਹੋ ਗਿਆ। ਇਹ ਪਿਛਲੇ ਪੰਝੀ-ਤੀਹ ਸਾਲਾਂ ਦੀ ਘਾਲਣਾ ਹੈ। ਸ਼ਾਇਦ ਅਮਰੀਕੀ ਸਾਇੰਸਦਾਨ ਐਡੀਸਨ ਨੇ ਆਖਿਆ ਸੀ: ਪ੍ਰਤਿਭਾ ਦਸ ਫ਼ੀ ਸਦੀ ਪ੍ਰੇਰਣਾ ਹੁੰਦੀ ਹੈ ਅਤੇ ਨੱਬੇ ਫ਼ੀ ਸਦੀ ਪਸੀਨਾ। ਹਰ ਕਿਸਮ ਦੇ ਅਨੁਭਵ ਨੂੰ ਜੀ-ਆਇਆਂ ਕਹਿਣਾ ਅਤੇ ਵਿਚਾਰਨਾ; ਚਿਤ੍ਰਕਲਾ, ਮੂਰਤੀ ਕਲਾ, ਸਾਹਿਤ, ਸੰਗੀਤ, ਮਾਨਵ ਵਿਗਿਆਨ, ਅਰਥ ਸ਼ਾਸਤਰ, ਸਮਾਜ ਸ਼ਾਸਤਰ, ਮਨੋ ਵਿਗਿਆਨ ਅਤੇ ਹੋਰ ਅਨੇਕ ਖੇਤਰਾਂ ਵਿਚ ਵਖ-ਵਖ ਪਰੰਪਰਾਵਾਂ ਦਾ ਅਧਿਅਨ ਤੇ ਮਨਨ ਕਰਨਾ; ਪਰ ਅਪਣੀ ਸੋਚਣੀ ਅਤੇ ਕ੍ਰਿਆਤਮਕ ਪ੍ਰਤਿਭਾ ਨੂੰ ਹਰ ਕਿਸਮ ਦੇ ਬੰਧਨਾਂ ਤੋਂ ਮੁਕਤ ਰੱਖਣਾ – ਇਹ ਸਖ਼ਤ ਘਾਲਣਾ ਹੀ ਤਾਂ ਹੈ। ਚੰਦਨ ਦੀ ਮੌਲਿਕਤਾ ਤੋਂ ਇਹ ਸੱਚਾਈ ਜ਼ਾਹਿਰ ਹੁੰਦੀ ਹੈ ਕਿ ਅਸਲ ਵਿਲੱਖਣਤਾ ਤੇ ਮੌਲਿਕਤਾ ਪਰੰਪਰਾ ਦਾ ਤਿਆਗ ਕਰਨ ਨਾਲ਼ ਨਹੀਂ, ਸਗੋਂ ਪਰੰਪਰਾ ਵਿਚ ਅਪਣੀਆਂ ਜੜ੍ਹਾਂ ਨੂੰ ਹੋਰ ਡੂੰਘਿਆਂ ਕਰੀ ਜਾਣ ਨਾਲ਼ ਅਤੇ ਪਰੰਪਰਾ ਵਿੱਚੋਂ ਰੂਹ ਤੇ ਕਲਾ ਦੀ ਪੌਸ਼ਟਿਕਤਾ ਹਾਸਿਲ ਕਰੀ ਜਾਣ ਨਾਲ਼ ਆਉਂਦੀ ਹੈ। ਪਰੰਪਰਾ ਨਾਲ਼ ਜੁੜਨਾ ਦੇਸ਼-ਕਾਲ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਮਨੁੱਖਤਾ ਦੀਆਂ ਜੀਵਨ ਧੜਕਣਾਂ ਨਾਲ਼ ਜੁੜਨਾ ਹੈ। ਹੋਰ ਲੋਕਾਂ ਦੇ ਚਿੰਤਨ ਬਾਰੇ ਸੋਚਣ ਨਾਲ਼ ਅਤੇ ਅਨੁਭਵ ਨੂੰ ਮਹਿਸੂਸ ਕਰਨ ਨਾਲ਼ ਬੌਧਿਕ ਤੇ ਆਤਮਿਕ ਸੌੜਾਪਨ ਦੂਰ ਹੁੰਦਾ ਹੈ; ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਅਪਣੇ ਤੇ ਹੋਰਨਾਂ ਦੇ ਅਨੁਭਵ ਦਾ ਮਨਨ ਕਰਨ ਨਾਲ਼ ਬਹੁਪੱਖੀ ਕਾਵਿਕ ਸ਼ਖ਼ਸੀਅਤ ਉਸਰਦੀ ਹੈ, ਜਿਹਦੇ ’ਤੇ ਪ੍ਰਤਿਭਾਵਾਨ ਕਵੀ ਅਪਣੇ ਨਵੇਕਲੇਪਨ ਅਤੇ ਮੌਲਿਕਤਾ ਦੀ ਮੁਹਰ ਲਾਉਂਦਾ ਹੈ।

ਸਿੱਪੀ ਦੇ ਖੁੱਲ੍ਹੇ ਮੂੰਹ ਵਿਚ ਬੂੰਦ ਦੇ ਡਿਗ ਜਾਣ ਨਾਲ਼ ਮੋਤੀ ਬਣਨ ਵਾਲ਼ੀ ਗੱਲ ਨਿਰਾ ਕਾਵਿਕ ਖ਼ਿਆਲ ਹੈ, ਸੱਚਾਈ ਨਹੀਂ। ਸੱਚ ਇਹ ਹੈ ਕਿ ਸਿੱਪੀ ਦੇ ਅੰਦਰ ਕੋਈ ਰੇਤ ਦਾ ਕਿਣਕਾ ਚਲਿਆ ਜਾਂਦਾ ਹੈ, ਜਿਹੜਾ ਸਿੱਪੀ ਵਿਚਲੇ ਜੀਵ ਦੇ ਸਰੀਰ ਚ ਖ਼ਲਲ ਪਾ ਦਿੰਦਾ ਹੈ ਅਤੇ ਉਹਦੇ ਚੋਂ ਰਸ ਨਿਕਲ਼-ਨਿਕਲ਼ ਰੇਤ ਦੇ ਕਿਣਕੇ ਦੁਆਲ਼ੇ ਜੰਮਣਾ ਸ਼ੁਰੂ ਹੋ ਜਾਂਦਾ ਹੈ ਅਤੇ ਇੰਜ ਕਿਣਕਾ ਮੋਤੀ ਬਣ ਜਾਂਦਾ ਹੈ। ਕਿਣਕੇ ਤੋਂ ਸੂਰਜ ਹੋਣਾ ਕਾਵਿਕ ਖ਼ਿਆਲ ਹੈ ਅਤੇ ਮੋਤੀ ਬਣਨਾ ਹਕ਼ੀਕ਼ਤ। ਅਸੀਂ ਰੇਤ ਦੇ ਕਿਣਕੇ ਨੂੰ ਮੋਤੀ ਦਾ ਬੀਜਕ ਆਖ ਸਕਦੇ ਹਾਂ। ਸੁੱਚੇ ਮੋਤੀ ਵਾਂਝ ਸੁੱਚੀ ਕਵਿਤਾ ਤਦ ਪੈਦਾ ਹੁੰਦੀ ਹੈ, ਜਦ ਕਿਸੇ ਬਾਹਰੀ ਖ਼ਿਆਲ ਜਾਂ ਅਨੁਭਵ ਦੇ ਗਿਰਦ ਕਵੀ ਦੀ ਅਪਣੀ ਕਾਵਿਕ ਸ਼ਖ਼ਸੀਅਤ ਦਾ ਰਸ ਜੰਮਦਾ ਹੈ। ਹਰ ਕਾਵਿ-ਮੋਤੀ ਵਿਚ ਜੀਵਨ ਮੰਥਨ ਰਾਹੀਂ ਪ੍ਰਾਪਤ ਕੀਤਾ ਕਵੀ ਦਾ ਸਮੁੱਚਾ, ਬਹੁਪੱਖੀ ਅਤੇ ਨਿਵੇਕਲਾ ਜੀਵਨ ਦਰਸ਼ਨ ਸ਼ਾਮਿਲ ਹੋ ਜਾਂਦਾ ਹੈ।

*ਬੀਜਕ* ਵਿਚ ਦੋ-ਦੋ ਸਤਰਾਂ (ਸਿਰਲੇਖ ਸਣੇ) ਦੀਆਂ ਕਵਿਤਾਵਾਂ ਤੋਂ ਲੈ ਕੇ ਦੋ-ਦੋ ਸਫ਼ਿਆਂ ਦੀਆਂ ਕਵਿਤਾਵਾਂ ਹਨ; ਤੁਕਾਂਤ ਦੋਹੜੇ ਹਨ; ਪੂਰਨ ਸਿੰਘ ਦੇ ਵਿਆਹ ਤੋਂ ਲੈ ਕੇ ‘ਤੋਤਾ, ਘੋੜਾ ਤੇ ਬੰਦਾ’ ਤਕ ਦੇ ਅਨੇਕ ਵਿਸ਼ਿਆਂ ਬਾਰੇ ਕਵਿਤਾਵਾਂ ਹਨ। ਕੁਝ ਕਵਿਤਾਵਾਂ ਚੰਦਨ ਦੇ ਕੁਝ ਦੋਸਤਾਂ ਜਾਂ ਹੋਰ ਵਿਅਕਤੀਆਂ ਦੇ ਨਾਂ ਹਨ। ਇਕ ਕਵਿਤਾ ਵਿਚ ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਦਾ ਫ਼ਾਰਮੂਲਾ $e=mc^2$ ਅੰਗਰੇਜ਼ੀ ਵਿਚ ਛਾਪਿਆ ਹੈ ਅਤੇ ਨਾਲ਼ ਇਹ ਵੀ ਦੱਸਿਆ ਹੈ ਕਿ ‘ਬੰਦੇ ਦੁਆਲ਼ੇ ਹਵਾ ਦਾ ਭਾਰ 22 ਪੌਂਡ ਮੁਰੱਬਾ ਇੰਚ ਹੁੰਦਾ ਹੈ’। ਸਾਰੀ ਕਿਤਾਬ ਚੰਦਨ ਨੇ ਆਪ ਡੀਜ਼ਾਈਨ ਤੇ ਟਾਈਪ ਸੈੱਟ ਕੀਤੀ ਹੈ। ਇਸ ਲਈ ਕਵਿਤਾ ਦੇ ਵਿਸ਼ਿਆਂ ਵਾਂਝ ਕਵਿਤਾਵਾਂ ਦੀ ਚਿਣਾਈ-ਛਪਾਈ ਵਿਚ ਹਰ ਕਿਸਮ ਦੇ ਸੋਚੇ ਜਾ ਸਕਣ ਵਾਲ਼ੇ ਪ੍ਰਯੋਗ ਕੀਤੇ ਗਏ ਹਨ। ਦੋ ‘ਕਵਿਤਾਵਾਂ’ (ਸਫ਼ਾ 48-49) ਇਜੇਹੇ ਵਾਰਤਕ ਪੈਰੇ ਹਨ, ਜਿਨ੍ਹਾਂ ਵਿਚ ਕੋਈ ਵਿਸਰਾਮ ਚਿੰਨ੍ਹ ਨਹੀਂ ਲੱਗਾ ਹੋਇਆ।

ਚੰਦਨ ਦਾ ਅਨੁਭਵ ਖੇਤਰ ਬੜਾ ਵਿਸ਼ਾਲ ਹੈ ਅਤੇ ਮੇਰਾ ਬਹੁਤ ਹੀ ਸੌੜਾ। ਮੈਨੂੰ ਜਾਪਦਾ ਹੈ ਕਿ ਚੰਦਨ ਦੀਆਂ ਜ਼ਿਆਦਾਤਰ ਕਵਿਤਾਵਾਂ ਨਾਲ਼ ਸੁਰ ਹੋ ਸਕਣ ਵਾਲ਼ੀਆਂ ਤਰਬਾਂ ਮੇਰੀ ਮਾਨਸਿਕਤਾ ਵਿਚ ਨਹੀਂ। ਇਸ ਲਈ ਮੈਂ ਕੁਝ ਕੁ ਕਵਿਤਾਵਾਂ ਦਾ ਹੀ ਗੱਲ ਕਰਨ ਲੱਗਾ ਹਾਂ, ਜਿਹੜੀਆਂ ਮੈਨੂੰ ਚੰਗੀਆਂ ਲੱਗੀਆਂ।

II

*ਬੀਜਕ* ਸਮਝਣ ਲਈ ਚੰਦਨ ਦੀ ਕਿਤਾਬ *ਜੜ੍ਹਾਂ* ਦਾ ਜ਼ਿਕਰ ਕਰਨਾ ਜ਼ਰੂਰੀ ਹੈ। *ਜੜ੍ਹਾਂ* ਵਿਚ ਕਵੀ ਨੇ ਅਪਣੀਆਂ ਜੜ੍ਹਾਂ ਲਭਦਿਆਂ ਸਤਾਰਵੀਂ ਸਦੀ ਵਿਚ ਹੋਏ ਅਪਣੇ ਵਡੇਰੇ ਧਰੇਜੇ ਦੇ ਨਾਂ ਵਾਲ਼ਾ ਪਾਤਰ ਮਨੁੱਖਤਾ ਦੇ ਪਿਤਾ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ। ਧਰੇਜੇ ਲਈ ਸੰਤਾਨ ਜਣਨ ਪ੍ਰਕ੍ਰਿਆ ਸਰੀਰਕ ਆਨੰਦ ਨਹੀਂ, ਸਗੋਂ ਤਪੱਸਿਆ ਵੀ ਹੈ। ਇਹ ਕੁਦਰਤ ਦੇ ਅੰਨ੍ਹੇ ਨੇਮਾਂ ਨਾਲ਼ ਚਲਣ ਵਾਲ਼ਾ ਰੋਬੋਟ ਨਹੀਂ, ਸਗੋਂ ਸਿਰਜਣਹਾਰ ਦੀ ਸੇਵਾ ਵਿਚ ਜੁਟਿਆ ਕੋਈ ਰਿਸ਼ੀ ਮੁਨੀ, ਕੁਦਰਤ ਦੇ ਯੱਗ ਵਿਚ ਅਪਣਾ ਬੀਜ ਅਰਪਣ ਵਾਲ਼ਾ ਬੀਜਕ ਹੈ।

ਦੀਵੇ ਦੀ ਲੋਏ ਦੋ ਪਰਛਾਵੇਂ ਹਿੱਲਦੇ ਹਨ ਮਿੱਟੀ ਦੀ ਕੰਧ ‘ਤੇ।
ਧਰੇਜਾ ਆਪਣੀ ਨਾਲ਼-ਦੀ ਦਾ ਪਿੰਡਾ ਗੁੰਨ੍ਹ ਰਿਹਾ ਹੈ
ਅਪਣੇ ਨਸ਼ੱਈ ਹੱਥਾਂ ਨਾਲ਼।

ਅੱਜ ਧਰੇਜੇ ਦੀ ਜ਼ਮੀਨ ਵੱਤਰ ਹੈ।

ਉਹ ਅਪਣੀ ਜ਼ਮੀਨ ਚ ਸਿਆੜ ਕਢਦਾ ਹੈ।

ਧਰੇਜੇ ਨੇ ਬੀਅ ਸੁੱਟ ਦਿੱਤਾ ਹੈ
ਅਸੰਖ ਮਹਕਦੇ ਚੰਨਣ ਦੇ ਬੂਟਿਆਂ ਦਾ।

ਹੁਣ ਧਰੇਜਾ ਸੁਹਾਗ ਰਿਹਾ ਹੈ।

ਹੁਣ ਉਸ ਜਗਤ-ਮਾਂ ਦੇ ਦਿਲ ’ਤੇ ਹੱਥ ਰੱਖਿਆ ਹੈ।
ਅੱਜ ਦੋਹਵਾਂ ਨੇ ਰਲ਼ ਕੇ ਭਾਂਡਾ ਬਣਾਇਆ ਹੈ। (*ਜੜ੍ਹਾਂ*-ਸਫ਼ਾ 14)

*ਬੀਜਕ* ਵਿਚ ਇਹ ਧਰੇਜਾ ਤਪੱਸਵੀ ਬਣ ਜਾਂਦਾ ਹੈ।

ਕਕਰੀਲੀ ਚਾਨਣੀ ਰਾਤ ਵਿਚ
ਧਰੇਜਾ ਨੰਗਾ ਖੜ੍ਹਾ ਤਪ ਕਰ ਰਿਹਾ ਹੈ-
ਡੌਰਭੌਰ ਮਨੁੱਖ ਸੋਚਦਾ ਹੈ
ਰੱਬ ਨੇ ਉਹਦੀ ਸੁਣ ਲੈਣੀ ਹੈ।
ਉਹ ਸੁੱਖਾਂ ਸੁੱਖਦਾ ਹੈ - ਹਰ ਔਰਤ ਮਾਂ ਬਣੇ...

ਧਰੇਜੇ ਨੇ ਪਹਿਲਾਂ ਸੋਚੀ ਹੋਈ ਆਵਾਜ਼ ਪਹਲੀ ਵਾਰ ਸੁਣੀ,
ਹੁਣੇ ਜੰਮੇ ਬੱਚੇ ਦੇ ਰੋਣ ਦੀ ਆਵਾਜ਼
ਉਹ ਖੜ੍ਹਾ ਆਪਣੀ ਅੱਡੀ ’ਤੇ ਘੁੰਮ ਜਾਂਦਾ ਹੈ
ਲੰਮਾ ਸਾਹ ਖਿੱਚਦਿਆਂ ਅਪਣੇ ਖ਼ਿਆਲ ਦਾ ਕਲਾਵਾ ਭਰਦਾ ਹੈ
ਤੇ ਉਹਨੂੰ ਪਹਿਲੀ ਵਾਰ ਲਗਦਾ ਹੈ ਕਿ
ਜੋ ਕੁਝ ਵੀ ਹੈ ਉਹ ਅਸਲੀ ਹੈ ਤੇ ਉਹ ਉਹਦਾ ਦੇਣਦਾਰ ਹੈ
ਦਾਈ ਧਰੇਜੇ ਨੂੰ ਮੁੰਡਾ ਅਰਪਦੀ ਹੈ -
ਇਕ ਹੰਝੂ ਦਾਈ ਬੀਬੀ ਦੀ ਬਾਂਹ ‘ਤੇ
ਤੇ ਇਕ ਹੰਝੂ ਗਿੱਗੇ ਦੀ ਗੱਲ੍ਹ ‘ਤੇ ਡਿਗਦਾ ਹੈ
ਪੁੱਤ ਪਿਉ ਦੇ ਸੀਨੇ ਲਗਦਾ ਹੈ
ਉਸ ਦਮ ਕਿਸੇ ਨੂੰ ਕੁਝ ਯਾਦ ਨਹੀਂ ਰਹਿੰਦਾ।

ਮਾਂ ਨਾਲ ਪੁੱਤਰ ਪਾਂਦਿਆਂ ਪਿਤਾ ਉਚਰਦਾ ਹੈ - ਜੀਉਂਦੀ ਰਹੁ...
ਵਿਹੜੇ ਚ ਉੱਗੇ ਸਰੀਂਹ ਦੇ ਪੱਤੇ ਹਿੱਲਦੇ ਹਨ
ਅਸੰਖ ਘੜਿਆਂ ’ਤੇ ਛੱਲਿਆਂ ਦੀ ਟੁਣਕਾਰ ਵੱਜਦੀ ਹੈ (*ਬੀਜਕ*, ਸਫ਼ਾ 5-6)

ਕਵਿਤਾ ਦੇ ਸ਼ਾਂਤ ਰਸ ਨਾਲ਼ ਕਵਿਤਾ ਦੀ ਅਤਿਵਿਲੰਬਿਤ ਲਯ ਵੀ ਮੇਲ਼ ਖਾਂਦੀ ਹੈ।

**ਰਾਤ ਕਥੂਰੀ** ਕਵਿਤਾ ਦੇ ਹੇਠਾਂ ਫ਼ੁਟਨੋਟ ਦੇ ਕੇ ਕਵੀ ਨੇ ਅਪਣੇ ਭਾਵਾਂ ਨੂੰ ਨਾਨਾਕ, ਫ਼ਰੀਦ ਤੇ ਨਜਮ ਹੁਸੈਨ ਨਾਲ਼ ਜਾ ਜੋੜਿਆ ਹੈ। ਇਹਨਾਂ ਕੋਲ਼ੋਂ ਸ਼ਬਦ ਤੇ ਕਾਵਿ ਸ਼ੈਲੀ ਲੈਣ ਦੇ ਬਾਵਜੂਦ ਵੀ ਕਵਿਤਾ ਦਾ ਰੰਗ ਨਵੇਕਲ਼ਾ ਹੈ। ਰਵਾਇਤ ਦੇ ਬੀਜਕ ਦੇ ਗਿਰਦ ਕਵੀ ਨੇ ਕਮਾਲ ਦੀ ਕਲਾ ਨਾਲ਼ ਅਪਣੀ ਕਾਵਿਕ ਸ਼ਖ਼ਸੀਅਤ ਦਾ ਰਸ ਜਮਾ ਕੇ ਮੋਤੀ ਸਿਰਜਿਆ ਹੈ।

ਰਾਤ ਕਥੂਰੀ ਵੰਡਦੀ ਆ ਪਈ
ਤੂੰ ਵੀ ਰੰਗ ਸੁਗੰਧੀਆਂ ਹੋ ਜਾ
ਆਖ਼ਰ ਅਪਣੀ ਨਾਭੀ ਵਿੱਚੋਂ ਮਿਰਗ ਕਥੂਰੀ ਲਭੀ
ਤ੍ਰਿਸ਼ਨਾ ਬੁਝ ਗਈ, ਭਟਕਣ ਮੁੱਕੀ, ਸਾਹ ਵਿਚ ਸਾਹ ਆਇਆ
ਜਾਗੇ ਰੈਣ, ਜਾਗਣ ਨੈਣ ਤੇਰੇ ਨਿੰਦਰਾਵਲੇ
ਨਿਰਮੋਹੀ ਨਿਰਲੋਭੀ ਸੇਜਲ ਡਬ-ਡਬ ਕਰਦੇ

ਰਾਤ ਦੀ ਰਾਣੀ ਮਹਿਕ ਦੇ ਪਾਣੀ ਨ੍ਹਾ ਕੇ ਨਿਕਲ਼ੀ
ਰਾਤ ਚਾਨਣੀ ਜਿਸ ਦਾ ਡੰਗਿਆ ਸੱਪ ਮੇਲ੍ਹਦਾ
ਮੱਥੇ ਜਿਸ ਦੇ ਮਣੀ ਸੁੱਖਾਂ ਦੀ ਲਿਸ਼-ਲਿਸ਼ ਕਰਦੀ
ਐਸੀ ਰਾਤ ਚੜ੍ਹੀ ਸੁਹਾਵੜੀ
ਹਰ ਪਾਸੇ ਚਾਨਣ ਹੀ ਚਾਨਣ ਕੁਛ ਵੀ ਨਜ਼ਰ ਨਾ ਆਏ
ਮੈਂ ਚਾਨਣ ਮੈਂ ਖ਼ੁਸ਼ਬੂ ਥੀਵਾਂ ਪਿਰ ਗਲਿ ਬਾਹੜੀਆਂ
ਰਾਤ ਕਥੂਰੀ ਵੰਡਦੀ ਆ ਪਈ...

*ਬੀਜਕ* ਦੀਆਂ ਕਵਿਤਾਵਾਂ ਆਸ਼ਾ-ਭਰਪੂਰ ਜੀਵਨ ਦੀਆਂ ਕਵਿਤਾਵਾਂ ਹਨ। ਜਿਹਨਾਂ ਚੀਜ਼ਾਂ ਵਿਚ ਹੋਰ ਕਵੀਆਂ ਨੂੰ ਮੌਤ ਜਾਂ ਜੀਵਨ ਦੀ ਸਮਾਪਤੀ ਦਿਸੀ ਹੈ, ਚੰਦਨ ਨੂੰ ਓਥੇ ਵੀ ਖ਼ੁਸ਼ੀ ਲਭਦੀ ਹੈ:

ਇਹ ਘਟ ਰਿਹਾ ਵੇਲਾ
ਸਵਾਲ ਤੋਂ ਬਾਹਰਾ
ਪਾਣੀ ਅੰਦਰ ਪਾਣੀ ਹੋਣ ਦਾ ਵੇਲਾ
ਇਹ ਵੇਲਾ ਤਾਂ ਜੀਉਂਦੇ ਰਹਣ ਜਵਾਨੀਆਂ ਮਾਨਣ ਦਾ ਵੇਲਾ ਹੈ। (**ਝਰਨਾ**, ਸਫ਼ਾ 18)

ਸਾਗਰ ਦੇ ਵਿਚ ਬੂੰਦ ਗਿਰੀ
ਜੋਤ ਤੋਂ ਜੋਤ ਜਗੀ
ਵਰ੍ਹਨ ਤੋਂ ਪਹਲਾਂ ਬੱਦਲ਼ ਬੱਦਲ਼ ਦੇ ਵਿਚ ਘੁਲ਼ਿਆ
ਜੋਤਾਂ ਦਾ ਮੀਂਹ ਬਰਸਣ ਲੱਗਾ
ਭਿੱਜ ਗਈ ਰੂਹ ਧਰਤੀ ਦੀ
ਸੁਣੀ ਗਈ ਕਿਸੇ ਨਮਾਣੇ ਦੀ
ਜੋਤੀ ਜੋਤ ਸਮਾਈ
ਜਦ ਜੋਤ ਤੋਂ ਜੋਤ ਜਗੀ (**ਜੋਤ**, ਸਫ਼ਾ 31)

ਜੀਵਨ ਕੀ ਹੈ? ਜੋ ਕੁਝ ਅਸੀਂ ਇਹਨੂੰ ਸਮਝਦੇ ਹਾਂ। ਜਸਵਿੰਦਰ ਮਾਨ[1] ਕਹਿੰਦਾ ਹੈ: ਬੰਦਾ ਤੁਪਕਾ-ਤੁਪਕਾ ਹੌਲ਼ੀ-ਹੌਲ਼ੀ/ ਉਸ ਸਾਗਰ ਵਾਲ ਤੁਰ ਪੈਂਦਾ ਹੈ/ ਜਿਥੇ ਜਾ ਕੇ ਹਰ ਇਕ ਪਾਣੀ/ ਅਪਣੀ ਹੋਂਦ ਗਵਾ ਬਹਿੰਦਾ ਹੈ ਅਤੇ ਚੰਦਨ ਲਿਖਦਾ ਹੈ: ਸਾਗਰ ਦੇ ਵਿਚ ਬੂੰਦ ਗਿਰੀ/ ਜੋਤ ਤੋਂ ਜੋਤ ਜਗੀ। ਦੋਹਵੇਂ ਕਵਿਤਾਵਾਂ ਵਧੀਆ ਹਨ ਅਤੇ ਅਪਣੇ-ਅਪਣੇ ਰਚਯਤਾ ਦੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਦਾ ਈਮਾਨਦਾਰੀ ਨਾਲ਼ ਪ੍ਰਗਟਾਵਾ ਕਰਦੀਆਂ ਹਨ।

ਚੰਦਨ ਦਾ ਆਸ਼ਾਵਾਦੀ ਸੁਨੇਹਾ ਹੈ ਕਿ ਜੀਵਨ ਨੂੰ ਜੀਵਨਦਾਤੇ ਤੋਂ ਮਿਲ਼ਿਆ ਵਰਦਾਨ ਸਮਝ ਕੇ

ਹਰ ਸ਼ੈਅ ਦੀ ਉਤਾਰੋ ਆਰਤੀ
ਥਾਲ਼ ਦੀ ਉਤਾਰੋ
ਮਿੱਟੀ ਦੇ ਦੀਵਿਆਂ ਦੀ
ਜੋਤ ਦੀ ਉਤਾਰੋ ਆਰਤੀ (**ਜੋਤ**, ਸਫ਼ਾ 3)

ਦੀਪਕ ਦਾਨ ਕਰੋ
ਮਨ ਦੀ ਮਮਟੀ ਬੱਤੀ ਸੀਖੋ
ਉੱਚੀ ਜੋਤ ਕਰੋ
ਅੰਧਾਕਾਰ ਹਰੋ
ਦੀਪਕ ਦਾਨ ਕਰੋ (**ਦੀਪਦਾਨ**, ਸਫ਼ਾ 3)

ਵੈਸੇ ਅੰਧਕਾਰ ਹਰਨ ਦੀ ਵੀ ਕੋਈ ਲੋੜ ਨਹੀਂ। ਚੰਦਨ ਦੀ ਹੀ ਕਵਿਤਾ **ਤ੍ਰਿਕਾਲ਼ ਸੰਧਯਾ** ਹੈ, ਜਿਸ ਵਿਚ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੋਂ ਪ੍ਰੇਰਿਤ ਅੰਧਕਾਰ ਨੂੰ ਨਮਸਕਾਰ ਕਰਦਾ ਹੈ:

ਸੁਆਣੀਆਂ ਦੇ ਹੱਥਾਂ ਚ ਰਿਜ਼ਕ ਹੈ
ਇਹ ਵੇਲਾ ਸੱਚ ਬੋਲਣ ਦਾ ਹੈ
ਇਹ ਵੇਲਾ ਹਰਣਾਖਸ਼ ਦੇ ਮਰਨ ਦਾ ਹੈ
ਇਹ ਵੇਲਾ ਆਉਣ ਵਾਲ਼ੇ ਕਲ੍ਹ ਦਾ ਕੋਈ ਬੀਜ ਹੈ

[1] ਪੰਜਾਬੀ ਲੇਖਕ ਸਭਾ ਡਰਬੀ ਦੀ 20 ਸਤੰਬਰ 1998 ਦੀ ਕਾਨਫ੍ਰੰਸ ਵਿਚ ਪੜ੍ਹਿਆ ਪਰਚਾ

ਜੋ ਡਿੱਗਣਾ ਹੈ ਅੰਧਕਾਰ ਦੀ ਕੁੱਖ ਵਿਚ
ਬਹੁਤ ਸਾਰੇ ਸੂਰਜਾਂ ਦਾ ਬੀਜ ਬਣ ਕੇ
ਨਮਸਕਾਰ ਅੰਧਕਾਰ ਅੰਧਕਾਰ ਨਮਸਕਾਰ (*ਜੜ੍ਹਾਂ*, ਸਫ਼ਾ 28)

ਕੀ ਅੰਨ੍ਹੇਰੇ ਵਿਚ ਹਰ ਚੀਜ਼ ਗੁੰਮ ਹੋ ਕੇ ਅਪਣੀ ਹੋਂਦ ਗੁਆ ਬਹਿੰਦੀ ਹੈ ਜਾਂ ਇਹਦੀ ਕੁੱਖ ਵਿੱਚੋਂ ਆਉਣ ਵਾਲ਼ੇ ਸਮੇਂ ਦੇ ਬਹੁਤ ਸਾਰੇ ਸੂਰਜ ਉੱਗਦੇ ਹਨ? ਗੱਲ ਦ੍ਰਿਸ਼ਟੀਕੋਣ ਦੀ ਹੈ। **ਤ੍ਰਿਕਾਲ਼ ਸੰਧਯਾ** ਨੂੰ ਮੈਂ ਚੰਦਨ ਦੀ ਸਭ ਤੋਂ ਉੱਤਮ ਕਵਿਤਾ ਸਮਝਦਾ ਹਾਂ। ਕਵਿਤਾ ਦੇ ਨਾ ਸਿਰਫ਼ ਭਾਵ ਹੀ, ਸਗੋਂ ਇਹਦਾ ਸ਼ਾਬਦਿਕ ਸੰਗੀਤ ਵੀ ਓਨਾ ਹੀ ਉੱਦਾਤ ਹੈ। *ਬੀਜਕ* ਵਿਚ ਇਹਦੇ ਟਾਕਰੇ ਦੀ ਕੋਈ ਕਵਿਤਾ ਨਹੀਂ। ਪਰ ਇਹ ਵੀ ਤਾਂ ਦ੍ਰਿਸ਼ਟੀਕੋਣ ਦੀ ਗੱਲ ਹੈ।

■